1462

# ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ -ਕਮ- ਸਟੇਟ ਪ੍ਰਾਜੈਕਟ ਡਾਇਰੈਕਟਰ
## ਸਮੱਗਰ ਸਿੱਖਿਆ ਅਭਿਆਨ (ਪੰਜਾਬ)

ਪੰਜਵੀਂ ਮੰਜ਼ਿਲ, ਈ.ਬਲਾਕ, ਸਿੱਖਿਆ ਭਵਨ, ਸਅਸ ਨਗਰ, (ਮੋਹਾਲੀ) ਪੰਜਾਬ-160062 ਵੈਬਸਾਈਟ www.ssapunjab.org,
ਈ-ਮੇਲ: nsqfpunjab.punjabeducation @gmail.com, ਫੋਨ ਨੰ: 0172-5212313,5212324

ਵੱਲ

58963 7/4/21

**ਸਮੂਹ ਜ਼ਿਲਾ ਸਿੱਖਿਆ ਅਫਸਰ (ਸੈ.ਸਿ./ਐ.ਸਿ)**
**ਪੰਜਾਬ।**

ਮੀਮੋ ਨੰ: ਐਨ.ਐਸ.ਕਿਉ.ਐਫ/2021/122402 ਮਿਤੀ, ਐਸ.ਏ.ਐਸ.ਨਗਰ: 07-04-2021।

ਵਿਸ਼ਾ: **ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਚੱਲ ਰਹੀਆਂ NSQF Trades ਵਿੱਚ ਪੜ੍ਹ ਰਹੇ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਪੜ੍ਹਾਈ ਤੋਂ ਬਾਅਦ ਆਪਣੀ ਟ੍ਰੇਡ ਵਿੱਚ ਸਿੱਖੇ ਹੁਨਰ ਨੂੰ ਉਭਾਰਨ ਲਈ ਸਿਖਲਾਈ ਸਮੱਗਰੀ (Practice kits) ਦੇਣ ਸਬੰਧੀ।**

*ਹਵਾਲਾ:- ਮੀਮੋ ਨੰ: ਐਨ.ਐਸ.ਕਿਉ.ਐਫ/2021/111313 ਮਿਤੀ, 31-03-2021*

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਪੱਤਰ ਵੱਲ ਧਿਆਨ ਦੇਣ ਦੀ ਖੇਚਲ ਕਰਨਾ ਜੀ।

2.0 ਉਕਤ ਪੱਤਰ ਦੀ ਲਗਤਾਰਤਾ ਵਿੱਚ। ਜਿਵੇਂ ਕਿ ਆਪ ਨੂੰ ਪਤਾ ਹੋਵੇਗਾ ਕਿ NSQF ਅਧੀਨ ਕੁੱਲ 955 ਸਕੂਲਾਂ ਵਿੱਚ 2 ਟ੍ਰੇਡਾਂ ਪ੍ਰਤੀ ਸਕੂਲ ਚੱਲ ਰਹੀਆਂ ਹਨ। ਇਹਨਾ ਟ੍ਰੇਡਾਂ ਅਧੀਨ 12ਵੀਂ ਜਮਾਤ ਵਿੱਚ ਪੜ੍ਹ ਰਹੇ ਵਿਦਆਰਥੀਆਂ ਨੂੰ ਸਿਖਲਾਈ ਕਿੱਟਾਂ ਦੇਣ ਲਈ ਮੁੱਖ ਦਫਤਰ ਵੱਲੋਂ ਹਾਲ ਹੀ ਵਿੱਚ ਗ੍ਰਾਂਟ ਭੇਜੀ ਗਈ ਹੈ।

3.0 ਇਹ ਗਰਾਂਟ ਐਸਤਨ ਰੁਪਏ 5000/-ਪ੍ਰਤੀ ਵਿਦਿਆਰਥੀ ਦੇ ਹਿਸਾਬ ਨਾਲ ਸਿਖਲਾਈ ਕਿੱਟਾਂ ਲੈਣ ਲਈ ਭੇਜੀ ਗਈ ਹੈ।

4.0 NSQF ਵਿੱਚ ਪੜ੍ਹ ਰਹੇ 12ਵੀਂ ਜਮਾਤ ਦੇ ਵਿਦਿਆਰਥੀਆਂ ਦੀ ਗਿਣਤੀ ਹਰ ਸਕੂਲ ਕੋਲ ਉਪਲਬਧ ਹੈ। ਇਸ ਗਿਣਤੀ ਅਨੁਸਾਰ ਸਕੂਲਾਂ ਨੂੰ ਗਰਾਂਟ ਭੇਜੀ ਜਾਵੇ।

5.0 ਧਿਆਨ ਰਹੇ ਕਿ ਜੇਕਰ ਆਪ ਦੇ ਜਿਲ੍ਹੇ ਵਿੱਚ ਭੇਜੀ ਗਈ ਗਰਾਂਟ ਅਨੁਸਾਰ NSQF ਦੇ 12ਵੀਂ ਜਮਾਤ ਦੇ ਵਿਦਿਆਰਥੀਆਂ ਦੀ ਗਿਣਤੀ ਜ਼ਿਆਦਾ ਜਾਂ ਘੱਟ ਨਿਕਲਦੀ ਹੈ ਤਾਂ ਇਸ ਗਿਣਤੀ ਅਨੁਸਾਰ ਗਰਾਂਟ ਸਕੂਲਾਂ ਨੂੰ ਐਸਤਨ ਵੰਡ ਦਿੱਤੀ ਜਾਵੇ, ਤਾਂ ਜੋ ਸਾਰੇ ਵਿਦਿਆਰਥੀਆਂ ਨੂੰ ਕਿੱਟਾਂ ਪ੍ਰਾਪਤ ਹੋ ਸਕਣ। ਇਹ ਕਿੱਟਾਂ ਵਿਦਿਆਰਥੀਆਂ ਨੂੰ ਆਉਣ ਵਾਲੇ ਸਮੇਂ ਵਿੱਚ ਸਵੈ-ਨਿਰਭਰ ਬਨਾਉਣ ਵਿੱਚ ਮਦਦਗਾਰ ਸਾਬਿਤ ਹੋਣਗੀਆਂ।

6.0 ਇਹ ਕਿੱਟਸ ਕੇਵਲ **NSQF** ਲੈਬਜ਼ ਵਿੱਚ ਪੜ੍ਹਦੇ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਦਿੱਤੀਆਂ ਜਾਣੀਆਂ ਹਨ ਤਾਂ ਜੋ ਵਿਦਿਆਰਥੀਆਂ ਦਾ **NSQF** ਵਿੱਚ ਰੁਝਾਨ ਵਧੇ। ਕਿਸੇ ਵੀ ਹੋਰ ਸਕੂਲ ਜਾਂ ਪ੍ਰਾਈਵੇਟ ਸਕੂਲ ਨੂੰ ਇਹ ਗਰਾਂਟ ਨਹੀ ਭੇਜੀ ਜਾਣੀ।

7.0 ਹਰ ਟ੍ਰੇਡ ਦੇ ਵਿਦਿਆਰਥੀਆਂ ਨੂੰ ਉਹਨਾਂ ਦੇ ਟ੍ਰੇਡ ਅਨੁਸਾਰ ਅਲੱਗ-ਅਲੱਗ ਤਰ੍ਹਾਂ ਦੀ ਕਿੱਟ ਦਿੱਤੀ ਜਾਣੀ ਹੈ। 12 ਟ੍ਰੇਡਾਂ ਦੀਆਂ ਕਿੱਟਾਂ ਲਈ ਅਲੱਗ ਅਲੱਗ 12 ਲਿਸਟਾਂ ਨਾਲ ਨੱਥੀ ਹਨ। ਲਿਸਟਾਂ ਵਿੱਚ Item ਦੇ ਨਾਲ ਨਾਲ ਉਸ ਦੀਆਂ specifications ਅਤੇ ਆਉਣ ਵਾਲਾ ਐਸਤਨ ਖਰਚਾ ਵੀ ਲਿਖਿਆ ਗਿਆ ਹੈ।

8.0 ਸਮਾਨ ਦੀ ਖਰੀਦ ਕਰਨ ਸਮੇਂ ਸਮੱਗਰ ਸਿੱਖਿਆ ਅਭਿਆਨ ਦੇ 'Financial Management & Procurement' Manual ਵਿੱਚ ਦਰਜ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ।

9.0 ਸਟਾਕ ਰਜਿਸਟਰ ਵਿੱਚ ਸਾਰੇ ਸਮਾਨ ਦੇ ਰਿਕਾਰਡ ਦਾ ਇੰਦਰਾਜ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਕੀਤੇ ਗਏ ਖਰਚੇ ਦਾ ਪੂਰਾ ਰਿਕਾਰਡ ਮੇਨਟੇਨ ਕੀਤਾ ਜਾਵੇ।

10.0 ਖਰਚ ਕੀਤੀ ਜਾ ਰਹੀ ਰਾਸ਼ੀ ਦੇ ਵੱਖਰੇ ਤੌਰ ਤੇ ਕੈਸ਼ਬੁੱਕ ਅਤੇ ਵਾਉਚਰ ਮੇਨਟੇਨ ਕੀਤੇ ਜਾਣ।

11.0 ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਸਕੂਲਾਂ ਵਿੱਚ ਖਰੀਦੇ ਜਾ ਰਹੇ ਸਮਾਨ ਦੀ quality ਆਦਿ ਉੱਤੇ ਚੈੱਕ ਰੱਖਿਆ ਜਾਵੇ ਅਤੇ ਦਿੱਤੀਆਂ ਜਾਣ ਵਾਲੀਆਂ ਕਿੱਟਾਂ ਦਾ ਨਿਰੀਖਣ ਕੀਤਾ ਜਾਵੇ ਅਤੇ ਜੇ ਕੋਈ ਖਾਮੀ ਪਾਈ ਜਾਂਦੀ ਹੈ ਤਾਂ ਉਸ ਨੂੰ ਤੁਰੰਤ ਦਰੁਸਤ ਕਰਵਾਇਆ ਜਾਵੇ ਅਤੇ ਢੁਕਵੀਂ ਕਾਰਵਾਈ ਕੀਤੀ ਜਾਵੇ।

12.0 ਉਕਤ ਹਦਾਇਤਾਂ ਦਾ ਇੰਨ-ਬਿੰਨ ਪਾਲਣਾ ਕਰਦੇ ਹੋਏ ਰਾਸ਼ੀ ਖਰਚ ਕਰਨ ਤੋਂ ਬਾਅਦ ਵਰਤੋਂ ਸਰਟੀਫਿਕੇਟ 30 ਅਪ੍ਰੈਲ ਤੱਕ ਮੁੱਖ ਦਫਤਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ।

(signature) 01/04/2021

ਸਹਾਇਕ ਡਾਇਰੈਕਟਰ (NSQF)
ਸਮੱਗਰ ਸਿੱਖਿਆ ਅਭਿਆਨ, ਪੰਜਾਬ।

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸ) ਜਲੰਧਰ
ਪਿੱਠ ਅੰਕਣ - ਵੋਕੇਸ਼ਨਲ ਨੰਬਰ 2021/128 ਮਿਤੀ 7-4-2021

ਉਪਰੋਕਤ ਦਾ ਉਤਾਰਾ ਸਹਾਇਕ ਡਾਇਰੈਕਟਰ (NSQF) ਸਕੂਲ
ਅੱਗੇ ਜ਼ਿਲ੍ਹਾ ਜਲੰਧਰ ਨੂੰ vocational students (Kits) 5000/ ਵਿਦਿਆਰਥੀ ਜੋ ਗ੍ਰਾਂਟ ਭੇਜੀ ਗਈ ਹੈ, ਦੀ ਵਰਤੋਂ ਵਿਭਾਗੀ ਹਦਾਇਤਾਂ ਅਨੁਸਾਰ ਕਰਕੇ ਵਰਤੋਂ ਸਰਟੀਫਿਕੇਟ 26-4-2021 ਤੱਕ ਭੇਜਿਆ ਜਾਵੇ। ਕਿਸੇ ਕਿਸਮ ਦੀ ਤਰੁੱਟੀ ਜਾਂ ਗਲਤੀ ਲਈ ਦਫਤਰ ਨੂੰ ਸੂਚਿਤ ਕੀਤਾ ਜਾਵੇ।

(signature)
ਵੋਕੇਸ਼ਨਲ ਕੋਆਰਡੀਨੇਟਰ
ਜਲੰਧਰ।